ਭਾਰਤ-ਇੰਗਲੈਂਡ ਟੈਸਟ ਲੜੀ : ਚੌਥਾ ਮੈਚ ਜਿੱਤ ਕੇ ਭਾਰਤ ਨੇ ਲੜੀ 'ਤੇ ਕੀਤਾ ਕਬਜ਼ਾ

ਰਾਂਚੀ, 26 ਫ਼ਰਵਰੀ : ਭਾਰਤ ਤੇ ਇੰਗਲੈਂਡ ਦਰਮਿਆਨ ਰਾਂਚੀ 'ਚ ਖੇਡੇ ਗਏ ਪੰਜ ਟੈਸਟ ਮੈਚਾਂ ਦੀ ਲੜੀ ਦੇ ਚੌਥੇ ਮੈਚ 'ਚ ਭਾਰਤ ਨੇ ਇੰਗਲੈਂਡ ਨੂੰ 5 ਵਿਕਟਾਂ ਨਾਲ ਹਰਾ ਦਿਤਾ ਹੈ। ਇਸ ਦੇ

ਧਰੁਵ ਜੁਰੇਲ ਬਣੇ ਮੈਨ ਆਫ਼ ਦਿ ਮੈਚ

ਨਾਲ ਹੀ ਭਾਰਤ ਨੇ ਲੜੀ 'ਤੇ 3-1 ਨਾਲ ਕਬਜ਼ਾ ਕਰ ਲਿਆ ਹੈ। ਇੰਗਲੈਂਡ ਤੋਂ ਮਿਲੇ 192 ਦੌੜਾਂ ਦੇ ਟੀਚੇ ਦਾ ਪਿੱਛਾ ਕਰਦੇ ਹੋਏ ਭਾਰਤ ਨੇ ਰੋਹਿਤ ਸ਼ਰਮਾ ਦੀਆਂ 55 ਦੌੜਾਂ, ਸ਼ੁਭਮਨ ਗਿੱਲ ਦੀਆਂ 52 ਦੌੜਾਂ, ਧਰੁਵ ਜੁਰੇਲ ਦੀਆਂ 39 ਦੌੜਾਂ ਯਸ਼ਸਵੀ ਜਾਇਸਵਾਲ ਦੀਆਂ 37 ਦੌੜਾਂ ਦੀ ਬਦੌਲਤ 192 ਦੌੜਾਂ ਬਣਾਈਆਂ ਤੇ 5 ਵਿਕਟਾਂ ਨਾਲ ਮੈਚ ਜਿੱਤ ਲਿਆ। ਇਸ ਤਰ੍ਹਾਂ ਭਾਰਤ ਨੇ ਇੰਗਲੈਂਡ ਵਿਰੁਧ ਲੜੀ 'ਚ 3-1 ਦੀ

ਅਜੇਤੂ ਬੜ੍ਹਤ ਬਣਾਈ ਹੈ।

ਇਸ ਤੋਂ ਪਹਿਲਾਂ ਮੈਚ ਦੀ ਸ਼ੁਰੂਆਤ 'ਚ ਇੰਗਲੈਂਡ ਨੇ ਪਹਿਲਾਂ ਬੱਲੇਬਾਜ਼ੀ ਕਰਦੇ ਹੋਏ ਅਪਣੀ ਪਹਿਲੀ ਪਾਰੀ 'ਚ 353 ਦੌੜਾਂ ਬਣਾਈਆਂ ਸਨ। ਇੰਗਲੈਂਡ ਦੀ ਪਹਿਲੀ ਪਾਰੀ 'ਚ ਭਾਰਤ ਲਈ ਰਵਿੰਦਰ ਜਡੇਜਾ ਨੇ 4, ਆਕਾਸ਼ਦੀਪ ਨੇ 3, ਸਿਰਾਜ ਨੇ 2 ਤੇ ਅਸ਼ਵਿਨ ਨੇ 1 ਵਿਕਟਾਂ ਲਈਆਂ ਸਨ। ਇਸ ਤੋਂ ਬਾਅਦ ਭਾਰਤੀ ਟੀਮ ਨੇ ਅਪਣੀ ਪਹਿਲੀ ਪਾਰੀ 'ਚ 307 ਦੌੜਾਂ ਬਣਾਈਆਂ। ਇਸ ਤਰ੍ਹਾਂ ਇੰਗਲੈਂਡ ਨੂੰ 46 ਦੌੜਾਂ ਦੀ ਬੜ੍ਹਤ ਮਿਲ ਗਈ। ਇਸ ਤੋਂ ਬਾਅਦ ਇੰਗਲੈਂਡ ਨੇ ਅਪਣੀ ਦੂਜੀ ਪਾਰੀ 'ਚ 145 ਦੌੜਾਂ ਬਣਾਈਆਂ ਤੇ ਭਾਰਤ ਨੂੰ ਜਿੱਤ ਲਈ 192 ਦੌੜਾਂ ਦਾ ਟੀਚਾ ਦਿਤਾ ਸੀ।

ਬੀਤੇ ਕਲ ਭਾਰਤ ਨੇ ਅਪਣੀ ਦੂਜੀ ਪਾਰੀ ਵਿਚ ਬਿਨਾਂ ਕੋਈ ਵਿਕਟ ਗੁਆਏ 40 ਦੌੜਾਂ ਬਣਾਈਆਂ ਸਨ ਤੇ ਅੱਜ ਦੇ ਦਿਨ ਦੀ ਸ਼ੁਰੂਆਤੀ ਖੇਡ ਵੀ ਵਧੀਆ ਰਹੀ ਪਰ ਜਿਉਂ ਹੀ ਜਾਇਸਵਾਲ ਆਊਟ ਹੋਇਆ ਤਾਂ ਭਾਰਤ 'ਤੇ ਖ਼ਤਰੇ ਦੇ ਬੱਦਲ ਮੰਡਰਾਉਣ ਲੱਗੇ। ਰੋਹਿਤ ਸ਼ਰਮਾ ਤੇ ਪਾਟੀਦਾਰ 100 ਦੇ ਅੰਕੜੇ ਤਕ ਆਊਟ ਹੋ ਗਏ। ਇਸ ਤੋਂ ਬਾਅਦ ਜਡੇਜਾ ਤੇ ਸਰਫ਼ਰਾਜ ਦੀਆਂ ਵਿਕਟਾਂ ਡਿੱਗਣ ਨਾਲ ਇੰਗਲੈਂਡ ਹਾਵੀ ਹੋ ਗਿਆ ਪਰ ਸ਼ੁਭਮਨ ਗਿੱਲ ਤੇ ਧਰੁਵ ਜੁਰੇਲ ਦੀ ਸੂਝਬੂਝ ਭਰੀ ਬੱਲੇਬਾਜ਼ੀ ਨੇ ਭਾਰਤ ਨੂੰ ਜਿੱਤ ਦਿਵਾ ਦਿਤੀ। ਪੂਰੇ ਮੈਚ ਵਿਚ ਵਧੀਆ ਕਾਰਗੁਜ਼ਾਰੀ ਲਈ ਧਰੁਵ ਜੁਰੇਲ ਨੂੰ 'ਮੈਨ ਆਫ਼ ਦਿ ਮੈਚ' ਚੁਣਿਆ ਗਿਆ। (ਏਜੰਸੀ)

ਕੈਨੇਡਾ: ਪਤਨੀ ਦੀ ਹਤਿਆ ਦੇ ਦੋਸ਼ੀ ਪੰਜਾਬੀ ਨਵਿੰਦਰ ਗਿੱਲ ਨੂੰ ਉਮਰ ਕੈਦ ਦੀ ਸਜ਼ਾ

ਪਤਨੀ ਦੀ ਘਰ 'ਚ ਚਾਕੂ ਮਾਰ ਕੇ ਕੀਤੀ ਸੀ ਹਤਿਆ

ਸਰੀ, 26 ਫ਼ਰਵਰੀ: ਕੈਨੇਡਾ ਵਿਚ ਪਤਨੀ ਦਾ ਛੁਰੇ ਮਾਰ ਕੇ ਕਤਲ ਕਰਨ ਵਾਲੇ ਨਵਿੰਦਰ ਗਿੱਲ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ। ਤਿੰਨ ਬੱਚਿਆਂ ਦੀ ਮਾਂ ਹਰਪ੍ਰੀਤ ਕੌਰ ਗਿੱਲ 7 ਦਸੰਬਰ 2022 ਨੂੰ ਸਰੀ ਦੇ ਇਕ ਘਰ ਵਿਚ ਗੰਭੀਰ ਜ਼ਖ਼ਮੀ ਹਾਲਤ ਵਿਚ ਮਿਲੀ ਜਿਸ ਨੂੰ ਹਸਪਤਾਲ ਲਿਜਾਇਆ ਗਿਆ ਪਰ ਉਸ ਨੇ ਇਲਾਜ ਦੌਰਾਨ ਦਮ ਤੋੜ ਦਿਤਾ ਸੀ।

ਸਰੀ ਦੇ 66 ਐਵੇਨਿਊ ਦੇ 12700 ਬਲਾਕ ਵਿਚਲੇ ਘਰ ਵਿਚ ਵਾਪਰੀ ਵਾਰਦਾਤ ਮਗਰੋਂ ਪੁਲਿਸ ਨੇ ਨਵਿੰਦਰ ਗਿੱਲ ਨੂੰ ਗ੍ਰਿਫ਼ਤਾਰ ਕਰ ਲਿਆ ਜਿਸ ਨੇ ਜੂਨ 2023 ਵਿਚ ਅਪਣਾ ਗੁਨਾਹ ਵੀ ਕਬੂਲ ਲਿਆ ਸੀ। ਬੀ.ਸੀ. ਦੀ ਪ੍ਰੋਵਿਨਸ਼ੀਅਲ ਕੋਰਟ ਵਲੋਂ ਸੁਣਾਏ ਫ਼ੈਸਲੇ ਮੁਤਾਬਕ ਨਵਿੰਦਰ ਗਿੱਲ 10 ਸਾਲ ਤਕ ਪੈਰੋਲ ਦਾ ਹੱਕਦਾਰ ਨਹੀਂ ਹੋਵੇਗਾ। ਆਈ ਹਿਟ ਦੇ ਬੁਲਾਰੇ ਸਾਰਜੈਂਟ ਟਿਮਥੀ ਪਿਅਰੌਟੀ ਨੇ ਕਿਹਾ ਕਿ ਜੀਵਨ ਸਾਥੀ ਨਾਲ ਹਿੰਸਾ ਦੀਆਂ ਘਟਨਾਵਾਂ ਪਰਵਾਰਾਂ ਅਤੇ ਕਮਿਊਨਿਟੀ ਨੂੰ ਬੁਰੀ ਤਰ੍ਹਾਂ ਪ੍ਰਭਾਵਤ ਕਰਦੀਆਂ ਹਨ।

ਸਰੀ ਆਰ.ਸੀ.ਐਮ.ਪੀ. ਦੀ ਪੀੜਤ ਸੇਵਾਵਾਂ ਇਕਾਈ ਅਤੇ ਬੀ.ਸੀ. ਦੇ ਬਾਲ ਅਤੇ ਪਰਵਾਰ ਭਲਾਈ ਮੰਤਰਾਲੇ ਦਾ ਅਸੀਂ ਧੰਨਵਾਦ ਕਰਦੇ ਹਾਂ ਜਿਨ੍ਹਾਂ ਨੇ ਬੱਚਿਆਂ ਨੂੰ ਸੰਭਾਲਣ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ। ਅਦਾਲਤੀ ਸੁਣਵਾਈ ਦੌਰਾਨ ਨਵਿੰਦਰ ਗਿੱਲ ਦੇ ਵਕੀਲ ਨੇ ਕਿਹਾ ਕਿ ਉਸ ਦਾ ਮੁਵੱਕਲ ਅਪਣੇ ਗ਼ਲਤੀ ਮੰਨ ਗਿਆ ਹੈ ਅਤੇ ਉਸ ਨੂੰ ਅਪਣੇ ਕੀਤੇ 'ਤੇ ਬੇਹੱਦ ਅਫ਼ਸੋਸ ਹੈ। ਦਸਿਆ ਜਾ ਰਿਹਾ ਹੈ ਕਿ ਹਰਪ੍ਰੀਤ ਕੌਰ ਉੱਤਰਾਖੰਡ ਦੀ ਰਹਿਣ ਵਾਲੀ ਸੀ। (ਏਜੰਸੀ)

ਇਕ ਨਜ਼ਰ....

ਇੰਡੋਨੇਸ਼ੀਆ 'ਚ ਜ਼ਮੀਨ ਖਿਸਕਣ ਕਾਰਨ 4 ਲੋਕਾਂ ਦੀ ਮੌਤ

ਜਕਾਰਤਾ, 26 ਫ਼ਰਵਰੀ : ਇੰਡੋਨੇਸ਼ੀਆ ਦੇ ਦੱਖਣੀ ਸੁਲਾਵੇਸੀ ਸੂਬੇ ਵਿਚ ਸੋਮਵਾਰ ਸਵੇਰੇ ਇਕ ਸੜਕ 'ਤੇ ਜ਼ਮੀਨ ਖਿਸਕਣ ਕਾਰਨ 4 ਲੋਕਾਂ ਦੀ ਮੌਤ ਹੋ ਗਈ ਅਤੇ 6 ਹੋਰ ਜ਼ਖ਼ਮੀ ਹੋ ਗਏ। ਦੱਖਣੀ ਸੁਲਾਵੇਸੀ ਡਿਜ਼ਾਸਟਰ ਮਿਟੀਗੇਸ਼ਨ ਏਜੰਸੀ ਦੇ ਕਾਰਜਕਾਰੀ ਮੁਖੀ ਐਮਸਨ ਪਾਂਡੋਲੋ ਨੇ ਸਥਾਨਕ ਮੀਡੀਆ ਨੂੰ ਦਸਿਆ ਕਿ ਬਾਸਟੇਮ ਉਟਾਰਾ ਵਿਚ ਐਤਵਾਰ ਨੂੰ ਪਏ ਮੋਹਲੇਧਾਰ ਮੀਂਹ ਕਾਰਨ ਸਥਾਨਕ ਸਮੇਂ ਮੁਤਾਬਕ ਅੱਜ ਸਵੇਰੇ ਕਰੀਬ 9 ਵਜੇ ਜ਼ਮੀਨ ਖਿਸਕੀ। ਜ਼ਮੀਨ ਖਿਸਕਣ ਕਾਰਨ 20 ਤੋਂ ਵੱਧ ਲੋਕ ਪ੍ਰਭਾਵਿਤ ਹੋਏ ਹਨ। ਉਨ੍ਹਾਂ ਦਸਿਆ ਕਿ ਬਚਾਅ ਕਰਮਚਾਰੀਆਂ ਨੇ ਜ਼ਖ਼ਮੀਆਂ ਨੂੰ ਨੇੜਲੇ ਪਿੰਡ ਦੇ ਕਮਿਊਨਿਟੀ ਹੈਲਥ ਸੈਂਟਰ 'ਚ ਦਾਖ਼ਲ ਕਰਵਾਇਆ। ਜ਼ਮੀਨ ਖਿਸਕਣ ਕਾਰਨ 10 ਤੋਂ ਵੱਧ ਮੋਟਰਸਾਈਕਲ ਅਤੇ ਦੋ ਕਾਰਾਂ ਦੱਬੀਆਂ ਗਈਆਂ। ਇਸ ਤਬਾਹੀ ਕਾਰਨ ਸੜਕਾਂ ਨੂੰ ਵੀ ਨੁਕਸਾਨ ਪੁੱਜਾ ਹੈ ਅਤੇ ਕਈ ਪਿੰਡਾਂ ਨੂੰ ਜੋੜਨ ਵਾਲੀ ਸੜਕ ਵੀ ਬੰਦ ਹੋ ਗਈ ਹੈ। (ਏਜੰਸੀ)

ਫ਼ਲਸਤੀਨ ਦੇ ਪ੍ਰਧਾਨ ਮੰਤਰੀ ਨੇ ਅਸਤੀਫ਼ਾ ਦਿਤਾ

ਯੇਰੂਸ਼ਲਮ, 26 ਫ਼ਰਵਰੀ: ਫ਼ਲਸਤੀਨ ਦੇ ਪ੍ਰਧਾਨ ਮੰਤਰੀ ਮੁਹੰਮਦ ਸ਼ਤਾਯੇਹ ਨੇ ਸੋਮਵਾਰ ਨੂੰ ਕਿਹਾ ਕਿ ਉਨ੍ਹਾਂ ਦੀ ਸਰਕਾਰ ਅਸਤੀਫ਼ਾ ਦੇ ਰਹੀ ਹੈ। ਉਨ੍ਹਾਂ ਦਾ ਇਹ ਕਦਮ ਫ਼ਲਸਤੀਨੀ ਅਥਾਰਟੀ 'ਚ ਅਮਰੀਕਾ ਸਮਰਥਿਤ ਸੁਧਾਰਾਂ ਦਾ ਰਾਹ ਪੱਧਰਾ ਕਰ ਸਕਦਾ ਹੈ। ਰਾਸ਼ਟਰਪਤੀ ਮਹਿਮੂਦ ਅੱਬਾਸ ਨੇ ਅਜੇ ਇਹ ਫ਼ੈਸਲਾ ਨਹੀਂ ਕੀਤਾ ਹੈ ਕਿ ਸੋਮਵਾਰ ਨੂੰ ਸ਼ਤਾਯੇਹ ਅਤੇ ਉਨ੍ਹਾਂ ਦੀ ਸਰਕਾਰ ਦਾ ਅਸਤੀਫ਼ਾ ਮਨਜ਼ੂਰ ਕਰਨਾ ਹੈ ਜਾਂ ਨਹੀਂ। ਇਹ ਕਦਮ ਪਛਮੀ ਸਮਰਥਿਤ ਫ਼ਲਸਤੀਨੀ ਲੀਡਰਸ਼ਿਪ ਦੀ ਤਬਦੀਲੀ ਨੂੰ ਮਨਜ਼ੂਰ ਕਰਨ ਦੀ ਇੱਛਾ ਦਾ ਸੰਕੇਤ ਦਿੰਦਾ ਹੈ ਜੋ ਫ਼ਲਸਤੀਨੀ ਅਥਾਰਟੀ ਨੂੰ ਮੁੜ ਮਜ਼ਬੂਤ ਕਰਨ ਲਈ ਲੋੜੀਂਦੇ ਸੁਧਾਰਾਂ ਦੀ ਸ਼ੁਰੂਆਤ ਕਰ ਸਕਦੀ ਹੈ। ਅਮਰੀਕਾ ਚਾਹੁੰਦਾ ਹੈ ਕਿ ਜੰਗ ਖ਼ਤਮ ਹੋਣ ਤੋਂ ਬਾਅਦ ਗਾਜ਼ਾ 'ਤੇ ਸ਼ਾਸਨ ਕਰਨ ਲਈ ਇਕ ਸੋਧਿਆ ਹੋਇਆ ਫ਼ਲਸਤੀਨੀ ਅਥਾਰਟੀ ਹੋਵੇ, ਪਰ ਇਸ ਦ੍ਰਿਸ਼ਟੀਕੋਣ ਨੂੰ ਸਾਕਾਰ ਕਰਨ ਵਿਚ ਕਈ ਰੁਕਾਵਟਾਂ ਬਾਕੀ ਹਨ। (ਏਜੰਸੀ)

ਕਾਰ ਰੇਸ ਦੌਰਾਨ ਵਾਪਰੇ ਹਾਦਸੇ 'ਚ 15 ਸਾਲਾ ਡਰਾਈਵਰ ਤੇ ਸਹਿ-ਡਰਾਈਵਰ ਦੀ ਮੌਤ

ਵੈਲਿੰਗਟਨ, 26 ਫ਼ਰਵਰੀ : ਨਿਊਜ਼ੀਲੈਂਡ ਦੇ ਉਤਰ ਵਿਚ ਪਾਪਾਰੋਆ ਵਿਖੇ ਇਕ ਕਾਰ ਰੇਸ ਮੁਕਾਬਲੇ ਦੌਰਾਨ ਵਾਪਰੇ ਹਾਦਸੇ ਵਿਚ ਇਕ 15 ਸਾਲਾ ਰੈਲੀ ਡਰਾਈਵਰ ਅਤੇ ਉਸ ਦੇ ਸਹਿ-ਡਰਾਈਵਰ ਦੀ ਮੌਤ ਹੋ ਗਈ। ਇਹ ਹਾਦਸਾ ਉਦੋਂ ਵਾਪਰਿਆ ਜਦੋਂ ਉਨ੍ਹਾਂ ਦੀ ਕਾਰ ਸੜਕ ਤੋਂ ਖਿਸਕ ਕੇ ਨਦੀ ਵਿਚ ਡਿੱਗ ਗਈ। ਪੁਲਿਸ ਨੇ ਪੀੜਤਾਂ ਦਾ ਨਾਂ ਬਰੁਕਲਿਨ ਹੋਰਨ (15) ਦਸਿਆ, ਜੋ ਗੱਡੀ ਚਲਾ ਰਿਹਾ ਸੀ ਅਤੇ ਟਾਇਸਨ ਜੇਮੇਟ (35) ਉਸ ਦਾ ਸਹਿ-ਡਰਾਈਵਰ ਸੀ। ਇਕ ਪੁਲਿਸ ਕਰੈਸ਼ ਜਾਂਚਕਰਤਾ ਨੇ ਕਿਹਾ ਕਿ ਕਾਰ ਇਕ ਬੱਜਰੀ ਵਾਲੀ ਸੜਕ ਤੋਂ ਖਿਸਕ ਗਈ ਅਤੇ ਮੀਂਹ ਕਾਰਨ ਪਾਣੀ ਨਾਲ ਭਰੀ ਇਕ ਨਦੀ ਵਿਚ ਡਿੱਗ ਗਈ। ਭਾਵੇਂਕਿ ਨਿਊਜ਼ੀਲੈਂਡ ਦੇ ਨਾਗਰਿਕ 16 ਸਾਲ ਦੇ ਹੋਣ ਤਕ ਡਰਾਈਵਿੰਗ ਲਾਇਸੰਸ ਪ੍ਰਾਪਤ ਨਹੀਂ ਕਰ ਸਕਦੇ ਪਰ ਛੋਟੇ ਡਰਾਈਵਰ ਕੁੱਝ ਸ਼ਰਤਾਂ ਅਧੀਨ ਬੰਦ ਸੜਕਾਂ 'ਤੇ ਮੋਟਰਸਪੋਰਟ ਇਵੈਂਟਸ ਵਿਚ ਮੁਕਾਬਲਾ ਕਰਨ ਦੇ ਯੋਗ ਹੁੰਦੇ ਹਨ। ਗਵਰਨਿੰਗ ਬਾਡੀ ਮੋਟਰਸਪੋਰਟ ਨਿਊਜ਼ੀਲੈਂਡ ਨੇ ਕਿਹਾ ਕਿ ਇਹ 12 ਤੋਂ 15 ਸਾਲ ਦੀ ਉਮਰ ਦੇ ਪ੍ਰਤੀਯੋਗੀਆਂ ਲਈ ਜੂਨੀਅਰ ਪ੍ਰਤੀਯੋਗਤਾ ਲਾਇਸੈਂਸ ਦੀ ਪੇਸ਼ਕਸ਼ ਕਰਦਾ ਹੈ। ਇਨ੍ਹਾਂ ਜੂਨੀਅਰ ਡਰਾਈਵਰਾਂ ਨੂੰ ਅਪਣੇ ਮੁਕਾਬਲੇ ਦਾ ਲਾਇਸੈਂਸ ਪ੍ਰਾਪਤ ਕਰਨ ਲਈ ਕੁੱਝ ਸ਼ਰਤਾਂ ਪੂਰੀਆਂ ਕਰਨੀਆਂ ਪੈਂਦੀਆਂ ਹਨ। (ਏਜੰਸੀ)

ਫ਼ਰੈਂਕਫ਼ੋਰਟ ਵਿਖੇ ਭਗਤ ਰਵਿਦਾਸ ਜੀ ਦਾ ਜਨਮ ਉਤਸਵ ਤੇ ਸਾਕਾ ਨਨਕਾਣਾ ਸਾਹਿਬ ਸਬੰਧੀ ਸਮਾਗਮ ਕਰਵਾਇਆ

ਜਰਮਨੀ, 26 ਫ਼ਰਵਰੀ (ਸੰਦੀਪ ਸਿੰਘ ਖਾਲੜਾ): ਗੁਰਦੁਆਰਾ ਸਿੱਖ ਸੈਂਟਰ ਫ਼ਰੈਂਕਫ਼ੋਰਟ ਦੀਆਂ ਸੰਗਤਾਂ ਵਲੋਂ ਭਗਤੀ ਲਹਿਰ ਦੇ ਸ਼੍ਰੋਮਣੀ ਭਗਤ ਮਹਾਨ ਕ੍ਰਾਂਤੀਕਾਰੀ ਭਗਤ ਰਵਿਦਾਸ ਜੀ ਦਾ ਜਨਮ ਉਤਸਵ ਤੇ ਸਾਕਾ ਨਨਕਾਣਾ ਸਾਹਿਬ ਦੇ ਸ਼ਹੀਦਾਂ ਦੀ ਯਾਦ ਸ਼ਰਧਾ ਭਾਵਨਾ ਨਾਲ ਮਨਾਈ। ਇਸ ਮੌਕੇ ਸ਼੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਉਪਰੰਤ ਦੀਵਾਨ ਸਜਾਏ, ਜਿਸ ਦੌਰਾਨ ਗੁਰਦੁਆਰਾ ਸਾਹਿਬ ਜੀ ਦੇ ਕੀਰਤਨੀ ਜਥੇ ਭਾਈ ਗੁਰਨਿਸ਼ਾਨ ਸਿੰਘ ਪੱਟੀ ਨੇ ਇਲਾਹੀ ਗੁਰਬਾਣੀ ਦੇ ਕੀਰਤਨ ਨਾਲ ਸੰਗਤਾਂ ਨੂੰ ਜੋੜਿਆ। ਭਾਈ ਚਮਕੌਰ ਸਿੰਘ ਸਭਰਾ ਤੇ ਭਾਈ ਕੁਲਵਿੰਦਰ ਸਭਰਾ ਦੇ ਕਵੀਸ਼ਰੀ ਜਥੇ ਨੇ ਸਾਕਾ ਨਨਕਾਣਾ ਸਾਹਿਬ ਜੀ ਦੇ ਇਤਿਹਾਸ ਬਾਰੇ ਸਾਂਝ ਪਾਈ। ਪ੍ਰਬੰਧਕ ਕਮੇਟੀ ਦੇ ਸੇਵਾਦਾਰ

ਭਾਈ ਬਲਕਾਰ ਸਿੰਘ ਨੇ ਸੰਗਤਾਂ ਨੂੰ ਵਧਾਈ ਦਿੰਦਿਆਂ ਤੇ ਸਾਕਾ ਨਨਕਾਣਾ ਸਾਹਿਬ ਤੇ ਗੰਗਸਰ ਜੈਤੋ ਦੇ ਮੋਰਚੇ ਦੇ ਸ਼ਹੀਦਾਂ ਸ਼ਰਧਾਂਜਲੀ ਭੇਂਟ ਕੀਤੀ।

ਤਾਲਿਬਾਨ ਨੇ ਹਜ਼ਾਰਾਂ ਲੋਕਾਂ ਦੇ ਸਾਹਮਣੇ ਇਕ ਹੋਰ ਵਿਅਕਤੀ ਨੂੰ ਫ਼ਾਂਸੀ ਦਿਤੀ

ਕਾਬੁਲ, 26 ਫ਼ਰਵਰੀ: ਤਾਲਿਬਾਨ ਨੇ ਉਤਰੀ ਅਫ਼ਗ਼ਾਨਿਸਤਾਨ 'ਚ ਕਤਲ ਦੇ ਦੋਸ਼ੀ ਇਕ ਵਿਅਕਤੀ ਨੂੰ ਸੋਮਵਾਰ ਨੂੰ ਇਕ ਸਟੇਡੀਅਮ 'ਚ ਜਨਤਕ ਤੌਰ 'ਤੇ ਫ਼ਾਂਸੀ ਦੇ ਦਿਤੀ।

ਇਕ ਚਸ਼ਮਦੀਦ ਨੇ ਦਸਿਆ ਕਿ ਇਹ ਫ਼ਾਂਸੀ ਜੌਜ਼ਜਾਨ ਸੂਬੇ ਦੀ ਰਾਜਧਾਨੀ ਸ਼ਿਬਿਰਗਨ ਸ਼ਹਿਰ 'ਚ ਉਸ ਵਿਅਕਤੀ ਨੂੰ ਦਿਤੀ ਗਈ, ਜਿਸ ਨੇ ਅਪਣੇ ਭਰਾ ਦਾ ਪੰਜ ਗੋਲੀਆਂ ਮਾਰ ਕੇ ਕਤਲ ਕਰ ਦਿਤਾ ਸੀ।

ਇਕ ਚਸ਼ਮਦੀਦ ਨੇ ਅਪਣਾ ਨਾਂ ਗੁਪਤ ਰੱਖਣ ਦੀ ਸ਼ਰਤ 'ਤੇ ਦਸਿਆ ਕਿ ਸਟੇਡੀਅਮ ਦੇ ਆਲੇ-ਦੁਆਲੇ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਗਏ ਸਨ।

ਅਗੱਸਤ 2021 ਵਿਚ ਅਮਰੀਕਾ ਅਤੇ ਉਤਰੀ ਅਟਲਾਂਟਿਕ ਸੰਧੀ ਸੰਗਠਨ (ਨਾਟੋ) ਦੇ ਫ਼ੌਜੀਆਂ ਦੇ

ਅਫ਼ਗਾਨਿਸਤਾਨ ਛੱਡਣ ਤੋਂ ਬਾਅਦ ਤਾਲਿਬਾਨ ਦੇ ਸੱਤਾ 'ਤੇ ਕਬਜ਼ਾ ਕਰਨ ਤੋਂ ਬਾਅਦ ਇਹ ਪੰਜਵੀਂ ਜਨਤਕ ਮੌਤ ਦੀ ਸਜ਼ਾ ਸੀ।

ਤਾਲਿਬਾਨ ਸਰਕਾਰ ਦੇ ਅਧਿਕਾਰੀਆਂ ਨੇ ਇਸ ਮਾਮਲੇ 'ਤੇ ਤੁਰਤ ਕੋਈ ਟਿਪਣੀ ਨਹੀਂ ਕੀਤੀ। ਇਕ ਬਿਆਨ ਵਿਚ ਕਿਹਾ ਗਿਆ ਹੈ ਕਿ ਦੇਸ਼ ਦੀਆਂ ਤਿੰਨ ਹਾਈ ਕੋਰਟਾਂ ਅਤੇ ਤਾਲਿਬਾਨ ਦੇ ਸਰਵਉੱਚ ਨੇਤਾ ਮੁਲਾ ਹਿਬਤੁੱਲਾ ਅਖੁੰਦਜ਼ਾਦਾ ਦੀ ਮਨਜ਼ੂਰੀ ਤੋਂ ਬਾਅਦ ਸੋਮਵਾਰ ਨੂੰ ਫ਼ਾਂਸੀ ਦਿਤੀ ਗਈ।

ਬਿਆਨ ਮੁਤਾਬਕ ਫ਼ਾਂਸੀ ਦਿਤੇ ਗਏ ਫ਼ਰਿਆਬ ਸੂਬੇ ਦੇ ਬਿਲਚਿਰਾਗ ਜ਼ਿਲ੍ਹੇ ਦੇ ਨਾਜ਼ਰ ਮੁਹੰਮਦ ਨੇ ਫ਼ਰਿਆਬ ਦੇ ਰਹਿਣ ਵਾਲੇ ਖਲ ਮੁਹੰਮਦ ਦਾ ਕਤਲ ਕੀਤਾ ਸੀ ਅਤੇ ਇਹ ਕਤਲ ਜੌਜ਼ਜਾਨ 'ਚ ਹੋਇਆ।

ਤਾਲਿਬਾਨ ਨੇ ਵੀਰਵਾਰ ਨੂੰ ਦੱਖਣ-ਪੂਰਬੀ ਗਜ਼ਨੀ ਸੂਬੇ 'ਚ ਕਤਲ ਦੇ ਦੋਸ਼ੀ ਦੋ ਵਿਅਕਤੀਆਂ ਨੂੰ ਫ਼ਾਂਸੀ ਦੇ ਦਿਤੀ ਸੀ। (ਪੀਟੀਆਈ)

ਪਾਕਿਸਤਾਨ 'ਚ 45.8 ਮਿਲੀਅਨ ਤੋਂ ਵੱਧ ਬੱਚਿਆਂ ਦਾ ਹੋਵੇਗਾ ਪੋਲੀਉ ਟੀਕਾਕਰਨ

ਇਸਲਾਮਾਬਾਦ, 26 ਫ਼ਰਵਰੀ : ਪਾਕਿਸਤਾਨ ਵਿਚ ਸੋਮਵਾਰ ਤੋਂ ਇਕ ਹਫ਼ਤਾ ਚੱਲਣ ਵਾਲੀ ਦੇਸ਼ ਵਿਆਪੀ ਪੋਲੀਉ ਟੀਕਾਕਰਨ ਮੁਹਿੰਮ ਸ਼ੁਰੂ ਹੋਣ ਜਾ ਰਹੀ ਹੈ, ਜਿਸ ਵਿਚ ਪੰਜ ਸਾਲ ਤੋਂ ਘੱਟ ਉਮਰ ਦੇ 45.8 ਮਿਲੀਅਨ ਤੋਂ ਵੱਧ ਬੱਚਿਆਂ ਨੂੰ ਟੀਕਾਕਰਨ ਕੀਤਾ ਜਾਵੇਗਾ। ਪਾਕਿਸਤਾਨੀ ਸਿਹਤ ਮੰਤਰਾਲੇ ਨੇ ਇਸ ਸਬੰਧੀ ਜਾਣਕਾਰੀ ਦਿਤੀ। ਸਮਾਚਾਰ ਏਜੰਸੀ ਸ਼ਿਨਹੂਆ ਦੀ ਰਿਪੋਰਟ ਮੁਤਾਬਕ ਸਾਲ ਦੀ ਦੂਜੀ ਮੁਹਿੰਮ 26 ਫ਼ਰਵਰੀ ਤੋਂ 3 ਮਾਰਚ ਤਕ ਦੇਸ਼ ਭਰ ਵਿਚ ਅਤੇ ਦੇਸ਼ ਦੇ ਉਤਰ ਪੱਛਮੀ ਖ਼ੈਬਰ ਪਖ਼ਤੂਨਖ਼ਵਾ (ਕੇਪੀ) ਸੂਬੇ ਦੇ 33 ਜ਼ਿਲ੍ਹਿਆਂ ਵਿਚ 2 ਤੋਂ 6 ਮਾਰਚ ਤਕ ਆਯੋਜਤ ਕੀਤੀ ਜਾਵੇਗੀ। (ਏਜੰਸੀ)

ਅਮਰੀਕਾ : ਗੁਜਰਾਤੀ ਪਰਵਾਰ ਦੀ ਮੌਤ ਦੇ ਮਾਮਲੇ 'ਚ ਭਾਰਤੀ ਮੂਲ ਦਾ ਵਿਅਕਤੀ ਗ੍ਰਿਫ਼ਤਾਰ

ਨਿਊਯਾਰਕ, 26 ਫ਼ਰਵਰੀ: ਅਮਰੀਕਾ ਦੇ ਸ਼ਿਕਾਗੋ ਸੂਬੇ 'ਚ ਮਨੁੱਖੀ ਤਸਕਰੀ ਦੀ ਜਾਂਚ ਦੇ ਮਾਮਲੇ 'ਚ ਭਾਰਤੀ ਮੂਲ ਦੇ ਇਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।

ਜਨਵਰੀ 2022 ਦੀ ਇਸ ਘਟਨਾ 'ਚ, ਗੁਜਰਾਤ ਦੇ ਚਾਰ ਮੈਂਬਰੀ ਪਰਵਾਰ ਨੂੰ ਕੈਨੇਡਾ ਤੋਂ ਗ਼ੈਰ-ਕਾਨੂੰਨੀ ਤਰੀਕੇ ਨਾਲ ਅਮਰੀਕਾ 'ਚ ਦਾਖ਼ਲ ਹੋਣ ਦੀ ਕੋਸ਼ਿਸ਼ ਦੌਰਾਨ ਠੰਢ ਕਾਰਨ ਮ੍ਰਿਤਕ ਪਾਇਆ ਗਿਆ ਸੀ। ਮ੍ਰਿਤਕਾਂ ਵਿਚ ਪਰਵਾਰ ਦੇ ਦੋ ਬੱਚੇ ਵੀ ਸ਼ਾਮਲ ਹਨ।

ਪਿਛਲੇ ਹਫ਼ਤੇ 'ਸ਼ਿਕਾਗੋ ਟ੍ਰਿਬਿਊਨ' ਵਿਚ ਪ੍ਰਕਾਸ਼ਿਤ ਇਕ ਰਿਪੋਰਟ ਮੁਤਾਬਕ ਹਰਸ਼ਕੁਮਾਰ ਰਮਨਲਾਲ ਪਟੇਲ ਨੂੰ ਅਧਿਕਾਰੀਆਂ ਨੇ ਸ਼ਿਕਾਗੋ ਦੇ ਓਹੇਅਰ ਕੌਮਾਂਤਰੀ ਹਵਾਈ ਅੱਡੇ ਤੋਂ ਗ੍ਰਿਫ਼ਤਾਰ ਕੀਤਾ ਸੀ ਅਤੇ ਉਹ 28 ਫ਼ਰਵਰੀ ਨੂੰ ਹਿਰਾਸਤ ਲਈ ਅਦਾਲਤ ਵਿਚ ਪੇਸ਼ ਹੋਵੇਗਾ।

'ਡਰਟੀ ਹੈਰੀ', 'ਪਰਮ ਸਿੰਘ' ਅਤੇ 'ਹਰੇਸ਼ ਰਮੇਸ਼ ਲਾਲ ਪਟੇਲ' ਦੇ ਨਾਂ ਨਾਲ ਜਾਣੇ ਜਾਂਦੇ ਪਟੇਲ 'ਤੇ ਵਿਦੇਸ਼ੀ ਨਾਗਰਿਕਾਂ ਨੂੰ ਵਿਦੇਸ਼ੀ ਨਾਗਰਿਕ ਬਣਾਉਣ ਅਤੇ ਗੈਰ-ਕਾਨੂੰਨੀ ਤਰੀਕੇ ਨਾਲ ਦਾਖ਼ਲ ਹੋਣ ਦੀ ਕੋਸ਼ਿਸ਼ ਕਰਨ



ਦੀ ਸਾਜ਼ਸ਼ ਰਚਣ ਦਾ ਦੋਸ਼ ਲਗਾਇਆ ਗਿਆ ਹੈ।

ਅਮਰੀਕੀ ਜ਼ਿਲ੍ਹਾ ਅਦਾਲਤ ਵਿਚ ਪਟੇਲ ਵਿਰੁਧ ਦਾਇਰ ਦਸਤਾਵੇਜ਼, ਹਲਫ਼ਨਾਮੇ ਅਤੇ ਅਪਰਾਧਕ ਸ਼ਿਕਾਇਤਾਂ ਵਿਚ ਮਨੁੱਖੀ ਤਸਕਰੀ ਦੀ ਸਾਜ਼ਸ਼ ਵਿਚ ਪਟੇਲ ਦੀ ਸ਼ਮੂਲੀਅਤ ਦਾ ਵਿਸਥਾਰ ਨਾਲ ਵੇਰਵਾ ਦਿਤਾ ਗਿਆ ਹੈ।

ਇਹ ਹਲਫ਼ਨਾਮਾ 19 ਜਨਵਰੀ, 2022 ਨੂੰ ਮਨੁੱਖੀ ਤਸਕਰੀ ਦੀ ਘਟਨਾ 'ਚ ਕੀਤੀ ਗਈ ਜਾਂਚ ਨਾਲ ਸਬੰਧਤ ਹੈ। ਇਕੋ ਪਰਵਾਰ ਦੇ ਚਾਰ ਮੈਂਬਰ ਜਗਦੀਸ਼ ਪਟੇਲ (39), ਵੈਸ਼ਾਲੀਬੇਨ ਪਟੇਲ (37), ਵਿਹੰਗੀ ਪਟੇਲ (11) ਅਤੇ ਧਰਮਿਕ ਪਟੇਲ (3) ਮੈਨੀਟੋਬਾ ਦੇ ਐਮਰਸਨ ਵਿਚ ਗ਼ੈਰ-ਕਾਨੂੰਨੀ ਤਰੀਕੇ ਨਾਲ ਅਮਰੀਕਾ ਵਿਚ ਦਾਖਲ ਹੋਣ ਦੀ ਕੋਸ਼ਿਸ਼ ਕਰਦੇ ਹੋਏ ਮ੍ਰਿਤਕ ਪਾਏ ਗਏ। ਇਹ ਜਗ੍ਹਾ ਕੈਨੇਡਾ-ਅਮਰੀਕਾ ਸਰਹੱਦ ਤੋਂ ਸਿਰਫ਼ 12 ਮੀਟਰ ਦੀ ਦੂਰੀ 'ਤੇ ਹੈ।

ਲਾਸ਼ ਬਰਾਮਦ ਹੋਣ ਤੋਂ ਬਾਅਦ ਸਰਹੱਦੀ ਗਸ਼ਤ ਅਧਿਕਾਰੀਆਂ ਨੇ 19 ਜਨਵਰੀ ਨੂੰ 47 ਸਾਲ ਦੇ ਸਟੀਵ ਸ਼ੈਂਡ ਨੂੰ ਦੋ ਹੋਰ ਭਾਰਤੀ ਨਾਗਰਿਕਾਂ ਨੂੰ ਸਰਹੱਦ ਪਾਰ ਲਿਜਾਣ ਦੇ ਦੋਸ਼ 'ਚ ਗ੍ਰਿਫ਼ਤਾਰ ਕੀਤਾ ਸੀ। ਹਲਫ਼ਨਾਮੇ 'ਚ ਜਨਵਰੀ 2022 ਦੀ ਘਟਨਾ ਦਾ ਵੇਰਵਾ ਦਿਤਾ ਗਿਆ ਹੈ ਜਿਸ 'ਚ ਇਕ ਮਨੁੱਖੀ ਤਸਕਰੀ ਸੰਗਠਨ ਵਲੋਂ ਜਗਦੀਸ਼ ਪਟੇਲ ਦੇ ਪਰਵਾਰ ਨੂੰ ਕੈਨੇਡਾ ਤੋਂ ਅਮਰੀਕਾ ਤਸਕਰੀ ਕਰਨ ਦੀ ਅਸਫ਼ਲ ਕੋਸ਼ਿਸ਼ ਬਾਰੇ ਦਸਿਆ ਗਿਆ ਹੈ। (ਪੀਟੀਆਈ)

ਇਮਰਾਨ ਖ਼ਾਨ ਦੀ ਪਾਰਟੀ ਨੇ ਗੌਹਰ ਖ਼ਾਨ ਨੂੰ ਮੁੜ ਬਣਾਇਆ ਪਾਰਟੀ ਪ੍ਰਧਾਨ

ਇਸਲਾਮਾਬਾਦ, 26 ਫ਼ਰਵਰੀ : ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਦੀ ਪਾਰਟੀ ਨੇ ਇਕ ਵਾਰ ਫਿਰ ਬੈਰਿਸਟਰ ਗੌਹਰ ਖ਼ਾਨ ਨੂੰ ਪਾਰਟੀ ਪ੍ਰਧਾਨ ਨਾਮਜ਼ਦ ਕੀਤਾ ਹੈ। ਇਹ ਜਾਣਕਾਰੀ ਇਕ ਮੀਡੀਆ ਰਿਪੋਰਟ ਵਿਚ ਦਿਤੀ ਗਈ। ਮੀਡੀਆ ਰਿਪੋਰਟਾਂ ਅਨੁਸਾਰ ਪਾਰਟੀ ਨੇ ਬੈਰਿਸਟਰ ਅਲੀ ਜ਼ਫ਼ਰ ਨੂੰ ਚੋਟੀ ਦੇ ਅਹੁਦੇ ਲਈ ਨਾਮਜ਼ਦ ਕਰਨ ਦੇ ਅਪਣੇ ਪਹਿਲੇ ਫ਼ੈਸਲੇ ਨੂੰ ਉਲਟਾਉਂਦੇ ਹੋਏ ਇਕ ਵਾਰ ਫਿਰ ਗੌਹਰ ਖ਼ਾਨ ਨੂੰ ਅਪਣਾ ਪ੍ਰਧਾਨ ਨਾਮਜ਼ਦ ਕੀਤਾ ਹੈ।

ਪਾਕਿਸਤਾਨ ਦੇ ਚੋਣ ਕਮਿਸ਼ਨ (ਈ.ਸੀ.ਪੀ) ਦੇ ਨਿਰਦੇਸ਼ਾਂ 'ਤੇ ਪਿਛਲੇ ਸਾਲ ਦਸੰਬਰ ਵਿਚ ਹੋਈ ਅੰਤਰ-ਪਾਰਟੀ ਵੋਟਿੰਗ ਤੋਂ ਬਾਅਦ ਬੈਰਿਸਟਰ ਗੌਹਰ (45) ਨੂੰ 71 ਸਾਲਾ ਖ਼ਾਨ ਦੀ ਪਾਕਿਸਤਾਨ ਤਹਿਰੀਕ-ਏ-ਇਨਸਾਫ਼ (ਪੀ.ਟੀ.ਆਈ) ਦੇ ਚੇਅਰਮੈਨ ਦੇ ਅਹੁਦੇ ਲਈ ਚੁਣਿਆ ਗਿਆ ਸੀ।). ਇਸ ਚੋਣ ਦੇ ਫ਼ੈਸਲੇ ਨੂੰ ਪਾਰਟੀ ਦੇ ਕੁੱਝ ਵਰਕਰਾਂ ਨੇ ਚੁਣੌਤੀ ਦਿੱਤੀ ਸੀ, ਜਿਸ ਨੂੰ ਬਾਅਦ ਵਿਚ ਅਦਾਲਤੀ ਲੜਾਈ ਤੋਂ ਬਾਅਦ ਰੱਦ ਕਰ ਦਿਤਾ ਗਿਆ ਸੀ। ਇਸ ਤੋਂ ਬਾਅਦ ਸਿਖਰ ਚੋਣਕਾਰ ਸੰਸਥਾ ਦੁਆਰਾ ਪਾਰਟੀ ਤੋਂ ਇਸ ਦਾ ਪ੍ਰਤੀਕ 'ਕ੍ਰਿਕਟ ਬੱਲਾ' ਚੋਣ ਨਿਸ਼ਾਨ ਖੋਹ ਲਿਆ ਗਿਆ ਅਤੇ ਗੌਹਰ ਦਾ ਪਾਰਟੀ ਮੁਖੀ ਨਹੀਂ ਰਹੇ। (ਏਜੰਸੀ)

ਬਵਾਸੀਰ

ਖ਼ੂਨੀ ਮੱਸੇ, ਮੋਕੇ, ਖ਼ੂਨ ਦਾ ਡਿਗਨਾ ਬੰਦ, ਜਲਨ ਅਤੇ ਦਰਦ ਵਿੱਚ ਰਾਹਤ ਦੇ ਲਈ

JOLLY **ਵਾਸੀਰ** ਕੈਪਸੂਲ ਅਤੇ ਟਿਊਬ

ਅਰਸ਼ਫ਼ੀਸਰ, ਭੰਗਦਰ, ਪਖਾਨੇ ਵਿੱਚ ਪਰੇਸ਼ਾਨੀ, ਗੁਦਾਮਾਰਗ ਵਿੱਚ ਭਾਰੀਪਨ, ਦਰਦ, ਖੁਜ਼ਲੀ, ਲਾਲੀਪਨ, ਉਠੱਣ ਬੈਠੱਣ ਵਿੱਚ ਪਰੇਸ਼ਾਨੀ, ਪੁਰਾਣੀ ਕਬਜ਼ ਵਿੱਚ ਬਹੁਤ ਆਰਾਮਦਾਇਕ ਹੈ। ਯਕਰਤ ਕਿਰਿਆ ਠੀਕ ਹੁੰਦੀ ਹੈ। ਨਾੜਾਂ ਦੇ ਦਬਾਅ ਘੱਟ ਹੋ ਕੇ ਮੱਲ ਵਿਸਰਜਨ ਸਹਿਜ ਹੋ ਜਾਂਦਾ ਹੈ।

FREE ਵਾਸੀਰ 3+1 ਪੈਕ

Helpline:0161-520-1550 ਹਰ ਮੈਡੀਕਲ ਸਟੋਰ ਤੇ ਮਿਲਦਾ ਹੈ।

[ਰੂਲ 8-(1)] ਕਬਜ਼ਾ ਨੋਟਿਸ (ਅਚੱਲ ਜਾਇਦਾਦ ਲਈ)

ਜਦੋਂਕਿ ਨਿਮਨਹਸਤਾਖ਼ਰੀ ਨੇ ਆਈਆਈਐਫਐਲ ਹੋਮ ਫਾਇਨਾਂਸ ਲਿਮ. (ਪਹਿਲਾਂ ਇੰਡੀਆ ਇੰਫੋਲਾਇਨ ਹਾਊਸਿੰਗ ਫਾਇਨਾਂਸ ਲਿਮ. ਵਜੋਂ ਜਾਣੀ ਜਾਂਦੀ) (ਆਈਆਈਐਫਐਲ ਐਚਐਚਐਫਐਲ) ਦੇ ਅਧਿਕਾਰਤ ਅਫ਼ਸਰ ਵਜੋਂ ਸਿਕਿਉਰਿਟਾਈਜ਼ੇਸ਼ਨ ਤੇ ਰੀਕਨਸਟਰਕਸ਼ਨ ਆਫ਼ ਫਾਈਨੈਂਸ਼ਲ ਅਸੈਟਸ ਅਤੇ ਇਨਫ਼ੋਰਸਮੈਂਟ ਆਫ਼ ਸਿਕਿਉਰਿਟੀ ਇੰਟਰੈਸਟ ਐਕਟ 2002 ਅਧੀਨ ਅਤੇ ਸਿਕਿਉਰਿਟੀ ਇੰਟਰੈਸਟ (ਇਨਫ਼ੋਰਸਮੈਂਟ) ਰੂਲਜ਼ 2002 ਦੇ ਨਿਯਮ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13(12) ਅਧੀਨ ਮਿਲੀਆਂ ਸ਼ਕਤੀਆਂ ਦੀ ਵਰਤੋਂ ਕਰਦਿਆਂ ਹਰੇਕ ਖਾਤੇ ਅੱਗੇ ਲਿਖੀਆਂ ਮਿਤੀਆਂ ਨੂੰ ਸਬੰਧਤ ਕਰਜ਼ਦਾਰ(ਾਂ)/ਗਾਰੰਟਰ(ਾਂ) ਨੂੰ ਡਿਮਾਂਡ ਨੋਟਿਸ ਜਾਰੀ ਕਰ ਕੇ ਨੋਟਿਸਾਂ ਵਿਚ ਦਰਸਾਈ ਰਾਸ਼ੀ ਦਾ ਭੁਗਤਾਨ ਨੋਟਿਸ ਦੀ ਮਿਤੀ ਦੇ 60 ਦਿਨਾਂ ਦੇ ਅੰਦਰ-ਅੰਦਰ ਕਰਨ ਲਈ ਕਿਹਾ ਗਿਆ। ਇਹ ਕਰਜ਼ਦਾਰ(ਾਂ)/ਗਾਰੰਟਰ(ਾਂ) ਅਪਣੀ ਰਾਸ਼ੀ ਦਾ ਭੁਗਤਾਨ ਕਰਨ ਵਿਚ ਨਾਕਾਮ ਰਹੇ। ਇਸ ਕਾਰਨ ਇਸ ਨੋਟਿਸ ਰਾਹੀਂ ਇਨ੍ਹਾਂ ਕਰਜ਼ਦਾਰ(ਾਂ)/ਗਾਰੰਟਰ(ਾਂ) ਨੂੰ ਅਤੇ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਅਧਿਕਾਰਤ ਅਫ਼ਸਰ ਨੇ ਉਪਰ ਦੱਸੇ ਐਕਟ ਦੀ ਸੈਕਸ਼ਨ 13(4), ਜਿਸ ਨੂੰ ਉਪਰੋਕਤ ਰੂਲਜ਼ ਦੇ ਨਿਯਮ 8 ਨਾਲ ਪੜ੍ਹਿਆ ਜਾਵੇ, ਅਧੀਨ ਮਿਲੀਆਂ ਸ਼ਕਤੀਆਂ ਦੀ ਵਰਤੋਂ ਕਰਦਿਆਂ ਹਰੇਕ ਖ਼ਾਤੇ ਸਾਹਮਣੇ ਦਰਸਾਈਆਂ ਮਿਤੀਆਂ ਨੂੰ ਜਾਇਦਾਦ/ਜਾਇਦਾਦਾਂ ਦਾ ਕਬਜ਼ਾ ਲੈ ਲਿਆ ਹੈ। ਖ਼ਾਸ ਤੌਰ 'ਤੇ ਇਨ੍ਹਾਂ ਕਰਜ਼ਦਾਰ(ਾਂ)/ਗਾਰੰਟਰ(ਾਂ) ਨੂੰ ਤੇ ਆਮ ਜਨਤਾ ਨੂੰ ਖ਼ਬਰਦਾਰ ਕੀਤਾ ਜਾਂਦਾ ਹੈ ਕਿ ਉਹ ਇਨ੍ਹਾਂ ਜਾਇਦਾਦ/ਜਾਇਦਾਦਾਂ ਨਾਲ ਕਿਸੇ ਵੀ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਇਸ ਜਾਇਦਾਦ/ਜਾਇਦਾਦਾਂ ਨਾਲ ਕਿਸੇ ਵੀ ਤਰ੍ਹਾਂ ਦਾ ਲੈਣ-ਦੇਣ ਕਰਨ ਵਾਲਾ ਆਈਆਈਐਫਐਲ ਐਚਐਚਐਫਐਲ ਦੀ ਹੇਠਾਂ ਖ਼ਾਤਿਆਂ ਸਾਹਮਣੇ ਦਰਸਾਈ ਰਾਸ਼ੀ ਦੀ ਵਿਆਜ ਤੇ ਹੋਰ ਖ਼ਰਚਿਆਂ ਸਮੇਤ ਅਦਾਇਗੀ ਦਾ ਜ਼ਿੰਮੇਵਾਰ ਹੋਵੇਗਾ।

ਕਰਜ਼ਦਾਰਾਂ ਦੇ ਧਿਆਨ ਵਿਚ ਲਿਆਂਦਾ ਜਾਂਦਾ ਹੈ ਕਿ ਐਕਟ ਦੇ ਸੈਕਸ਼ਨ 13 ਦੇ ਸੈਕਸ਼ਨ (8) ਜੇਕਰ ਕਰਜ਼ਦਾਰ ਆਈਆਈਐਫਐਲ ਐਚਐਚਐਫਐਲ ਦੇ ਬਕਾਇਆਂ ਦੀ ਅਦਾਇਗੀ ਸਮੇਤ ਲਾਗਤਾਂ, ਖਰਚੇ ਅਤੇ ਹੋਰ ਖਰਚਿਆਂ ਸਮੇਤ ਸਕਿਉਰਡ ਅਸਾਸਿਆਂ ਦੀ ਵਿਕਰੀ ਜਾਂ ਟਰਾਂਸਫਰ ਲਈ ਮਿੱਥੀ ਗਈ ਮਿਤੀ ਤੋਂ ਪਹਿਲਾਂ ਕਰ ਦਿੰਦੇ ਹਨ ਤਾਂ ਆਈਆਈਐਫਐਲ ਐਚਐਚਐਫਐਲ ਵੱਲੋਂ ਅਸਾਸਿਆਂ ਨੂੰ ਨਾ ਤਾਂ ਵੇਚਿਆ ਜਾਵੇਗਾ ਅਤੇ ਨਾ ਹੀ ਟਰਾਂਸਫਰ ਕੀਤਾ ਜਾਵੇਗਾ ਅਤੇ ਆਈਆਈਐਫਐਲ ਐਚਐਚਐਫਐਲ ਵੱਲੋਂ ਦੱਸੀ ਗਈ ਸਕਿਉਰਡ ਅਸਾਸਿਆਂ ਦੀ ਵਿਕਰੀ ਜਾਂ ਟਰਾਂਸਫਰ ਲਈ ਕੋਈ ਕਾਰਵਾਈ ਨਹੀਂ ਕੀਤੀ ਜਾਵੇਗੀ।

ਕਰਜ਼ਦਾਰਾਂ ਤੇ ਗਰੰਟਰਾਂ ਦਾ ਨਾਮ ਬ੍ਰਾਂਚ ਬਰਨਾਲਾ	ਸਿਕਿਉਰਡ ਅਸਾਸਿਆਂ ਦਾ ਵੇਰਵਾ (ਅਚੱਲ ਜਾਇਦਾਦ)	ਕੁੱਲ ਬਕਾਇਆ (ਰੁ)	ਡਿਮਾਂਡ ਨੋਟਿਸ ਦੀ ਮਿਤੀ	ਕਬਜ਼ੇ ਦੀ ਮਿਤੀ
ਸ਼੍ਰੀ ਗੁਰਲਾਲ ਸਿੰਘ, ਸ਼੍ਰੀਮਤੀ ਗੁਰਮੀਤ ਕੌਰ ਪਲੰਬਰ (ਪ੍ਰੋਸਪੈਕਟ ਨੰ IL10342011)	ਜਾਇਦਾਦ ਦੇ ਸਾਰੇ ਜ਼ਰੂਰੀ ਤੇ ਅਹਿਮ ਹਿੱਸੇ ਭਾਵ ਜਾਇਦਾਦ ਦਾ ਖਾਤਾ ਨੰ 692/1266-1267 ਜਿਸਦਾ ਖਸਰਾ ਨੰ 681//93(1-2) ਗੁਣਾ ਪੱਤੀ ਲਸ਼ਕਰੀ ਪੱਤੀ ਸਥਿਤ ਪਿੰਡ ਪੱਖੋ ਕਲਾਂ ਏ, ਤਹਿਸੀਲ ਤਪਾ, ਨੇੜੇ ਮਾਨਾ ਪੱਤੀ, ਜ਼ਿਲ੍ਹਾ ਬਰਨਾਲਾ, ਪੰਜਾਬ 148108, ਏਰੀਆ ਮਿਣਤੀ (ਵ. ਫੁਟਾਂ 'ਚ) ਜਾਇਦਾਦ ਦੀ ਕਿਸਮ : ਜ਼ਮੀਨ ਏਰੀਆ, ਬਿਲਟ ਅਪ ਏਰੀਆ ਕਾਰਪੇਟ ਏਰੀਆ ਜਾਇਦਾਦ ਏਰੀਆ 2994.00, 1354.00, 1083.00, ਹੱਦਾਂ : ਉਤਰ: ਦਰਸ਼ਨ ਸਿੰਘ ਦੀ ਜਾਇਦਾਦ, ਦੱਖਣ: ਸੁਖਦੇਵ ਸਿੰਘ ਦੀ ਜਾਇਦਾਦ, ਪੂਰਬ : ਸੁਖਦੇ ਸਿੰਘ ਦੀ ਜਾਇਦਾਦ, ਪੱਛਮ: ਗਲੀ	ਰੁ: 5,87,142.00/- (ਪੰਜ ਲੱਖ ਸਤਾਸੀ ਹਜ਼ਾਰ ਇਕ ਸੌ ਬਿਆਲੀ ਰੁਪਏ ਸਿਰਫ਼)	08-Dec 2023	24-Feb-24

ਅਗਾਊਂ ਵੇਰਵਿਆਂ ਲਈ ਕਿਰਪਾ ਕਰਕੇ ਅਧਿਕਾਰਤ ਅਫ਼ਸਰ ਬ੍ਰਾਂਚ ਦਫ਼ਤਰ : ਪੱਕਾ ਕਾਲਜ ਰੋਡ, ਕੋਟਕ ਮਹਿੰਦਰਾ ਬੈਂਕ ਦੇ ਉਪਰ, ਪਹਿਲੀ ਮੰਜ਼ਿਲ ਬਰਨਾਲਾ (148101) /ਜਾਂ ਕਾਰਪੋਰੇਟ ਦਫ਼ਤਰ : ਪਲਾਟ ਨੰ: 98, ਫੇਜ਼ 4, ਉਦਯੋਗ ਵਿਹਾਰ, ਗੁੜਗਾਉਂ, ਹਰਿਆਣਾ

ਸਥਾਨ : ਬਰਨਾਲਾ, ਮਿਤੀ : 27-02-2024 ਸਹੀ/- ਅਧਿਕਾਰਤ ਅਫ਼ਸਰ, ਆਈਆਈਐਫਐਲ ਹੋਮ ਫਾਇਨਾਂਸ ਲਿਮ. ਲਈ

ਸਕਿਉਰੀਟਾਈਜ਼ੇਸ਼ਨ ਐਂਡ ਰੀਕੰਸਟਰੱਕਸ਼ਨ ਆੱਫ਼ ਫ਼ਾਇਨੈਂਸ਼ਿਅਲ ਐਸੇਟਸ ਐਂਡ ਇੰਫੋਰਸਮੈਂਟ ਆੱਫ਼ ਸਕਿਉਰਿਟੀ ਇਨਟ੍ਰੇਸਟ ਐਕਟ, 2002(ਅਧਿਨਿਯਮ) ਦੀ ਧਾਰਾ 13 (2) ਦੇ ਅਧੀਨ ਨੋਟਿਸ

ਕ੍ਰਮ ਨੰ:	ਕਰਜ਼ਦਾਰਾ ਦੇ ਨਾਂ (ਏ)	ਗਿਰਵੀ ਰਖੀ ਗਈ ਸੰਪਤੀ ਦਾ ਵਿਵਰਣ (ਬੀ)	ਐਨਪੀਏ ਦੀ ਤਾਰੀਖ (ਸੀ)	ਬਕਾਇਆ ਰਕਮ (ਡੀ)
1.	ਲੋਨ ਖਾਤਾ ਨੰ. HDHLPAT00486312 (ਪਹਿਲਾਂ ਦਾ ਡੀਐਚਐਫਐਲ ਦਾ ਐਲਏਐਨ ਕੋਡ 00006593) 1. ਹਰਦੀਪ ਸਿੰਘ 2. ਕੁਲਬਿਰ ਕੋਰ	ਪਲਾੱਟ ਨੰ.104 ਦਾ ਹਿੱਸਾ, ਖੇਵਟ/ਖਤੌਨੀ ਨੰ. 300/535, ਖਸਰਾ ਨੰ. 48//6 (4-0), 48//7 (4-0), 48//13 (4-0), 48//14 (4-0), 48//15 (4-0), 48//16 (3-12), 48//17 (4-0), 48//18 (4-0), 48//19 (4-0), 48//22/2 (3-4), 48//23 (4-0), 48//24 (4-4), 50//2 (0-6), 50//3 (2-11), 50//4 (0-11), ਕਿੱਤਾ 15, ਪਿੰਡ ਸੁਲਤਾਨ ਨੀਲਪੁਰ, ਕੁਲਦੀਪ ਨਗਰ, ਤਹਿਸੀਲ ਰਾਜਪੁਰਾ, ਪਟਿਆਲਾ-140401, ਪੰਜਾਬ	09.02.2024	ਰੁ. 15,67,981.74/- (ਪੰਦਰਾ ਲੱਖ ਸਤਾਹਠ ਹਜ਼ਾਰ ਨੌ ਸੌ ਇੱਕਯਾਸੀ ਰੁਪਏ ਅਤੇ ਚੁਵਤਰ ਪੈਸੇ ਮਾਤਰ) 13.02.2024 ਤੱਕ

ਇਹ ਕਿ ਉਪਰੋਕਤ ਕਰਜ਼ਦਾਰ ਲੋਨ ਅਕਾਊਂਟ ਦੇ ਵਿੱਤੀ ਅਨੁਸ਼ਾਸਨ ਨੂੰ ਬਨਾਏ ਰੱਖਣ ਵਿੱਚ ਅਸਫਲ ਰਹੇ ਹਨ ਅਤੇ ਕੰਪਨੀ ਦੇ ਆਮ ਬਿਜ਼ਨਿਸ ਵਿੱਚ ਰੱਖੇ ਅਕਾਊਂਟ ਰਜਿਸਟਰਾਂ ਵਿੱਚ, ਹਰੇਕ ਉਪਰੋਕਤ ਰਿਣ ਪ੍ਰਾਪਤ ਕਰਤਾ ਦੇ ਨਾਂ ਸਾਹਮਣੇ (ਡੀ) ਕਾਲਮ ਵਿੱਚ ਦਰਸਾਏ ਅਨੁਸਾਰ ਬਕਾਇਆ ਰਕਮ ਮੌਜੂਦ ਹੈ।

ਰਿਣ ਪ੍ਰਾਪਤ ਕਰਜ਼ਦਾਰਾਂ ਵੱਲੋਂ ਲੋਨ ਰਕਮ ਦੀ ਵਾਪਸੀ ਅਦਾਇਗੀ ਵਿੱਚ ਨਿਰੰਤਰ ਡਿਫਾਲਟ ਦੇ ਕਾਰਨ, ਇਹਨਾਂ ਕਰਜ਼ਦਾਰਾਂ ਦੇ ਅਕਾਊਂਟਾਂ ਨੂੰ ਕੰਪਨੀ ਨੇ ਸੰਬੰਧਿਤ ਤੈਅਸ਼ੁਦਾ ਮਾਪਦੰਡਾਂ ਅੰਦਰ ਰੇਗੁਲੇਟਰੀ ਅਥਾੱਰਿਟੀ ਦੁਆਰਾ 'ਨਾਨ ਪਰਫ਼ਾਰਮਿੰਗ ਅਸੈੱਟ' (ਕਾੱਲਮ ਸੀ ਵਿੱਚ ਮਿਤੀ ਦੇ ਅਨੁਸਾਰ) ਦੀ ਸ਼੍ਰੇਣੀ ਵਿੱਚ ਰੱਖ ਦਿੱਤਾ ਹੈ। ਫਲਸਰੂਪ, ਐਕਟ ਦੀ ਧਾਰਾ 13(2) ਅਧੀਨ ਹਰੇਕ ਰਿਣ ਪ੍ਰਾਪਤ ਕਰਜ਼ਦਾਰਾਂ ਨੂੰ ਨੋਟਿਸ ਜਾਰੀ ਕੀਤੇ ਗਏ ਹਨ।

ਉਪਰੋਕਤ ਸਥਿਤੀ ਨੂੰ ਮੁਖ ਰੱਖਦੇ ਹੋਇਆਂ, ਕੰਪਨੀ ਇਸ ਨੋਟਿਸ ਰਾਹੀਂ ਉਪਰੋਕਤ ਰਿਣ ਪ੍ਰਾਪਤ ਕਰਜ਼ਦਾਰਾਂ ਨੂੰ ਚੇਤੇ ਕਰਾਉਂਦੀ ਹੋਈ ਕਹਿੰਦੀ ਹੈ ਕਿ ਉਪਰੋਕਤ ਕਾਲਮ ਡੀ ਵਿੱਚ ਪ੍ਰਦਰਸ਼ਿਤ ਪੂਰੀ ਬਕਾਇਆ ਰਕਮ, ਲਾਗੂ ਤਾਰੀਖ ਤਕ ਵਿਆਜ, ਲਾਗਤਾਂ ਅਤੇ ਚਾਰਜਜ਼ ਸਮੇਤ ਇਹ ਨੋਟਿਸ ਪ੍ਰਕਾਸ਼ਿਤ ਹੋਣ ਦੀ ਤਾਰੀਖ਼ ਤੋਂ 60 ਦਿਨਾਂ ਦੇ ਅੰਦਰ ਕੰਪਨੀ ਨੂੰ ਅਦਾ ਕਰਕੇ ਕੰਪਨੀ ਦੇ ਪ੍ਰਤੀ ਆਪਣੀ ਪੂਰੀ ਦੇਣਦਾਰੀ ਨੂੰ ਡਿਸਚਾਰਜ ਕਰ ਦੇਣ, ਜੇਕਰ ਇਸ ਤਰ੍ਹਾਂ ਨਹੀਂ ਹੁੰਦਾ ਤਾਂ ਕੰਪਨੀ ਨੂੰ ਇਹ ਅਧਿਕਾਰ ਹੋਵੇਗਾ ਕਿ ਉਹ ਉਪਰੋਕਤ ਕਾਲਮ ਬੀ ਵਿੱਚ ਪ੍ਰਦਰਸ਼ਿਤ ਗਿਰਵੀ ਰੱਖੀ ਸੰਪਤੀ'ਤੇ ਕਬਜ਼ਾ ਕਰ ਲਏ ਅਤੇ ਕੰਪਨੀ ਐਸੇ ਦੂਜੇ ਕਦਮ ਵੀ ਉਠਾ ਸਕਦੀ ਹੈ ਜੋ ਕਾਨੂੰਨ ਅਧੀਨ ਕੰਪਨੀ ਨੂੰ ਉਪਲਬਧ ਹਨ।

ਕਿਰਪਾ ਕਰਕੇ ਧਿਆਨ ਦਿਓ ਕਿ ਸਰਫੇਸੀ ਅਧਿਨਿਯਮ ਦੀ ਧਾਰਾ 13 ਦੀ ਉਪ - ਧਾਰਾ (8) ਵਿੱਚ ਦਿੱਤੇ ਪ੍ਰਾਵਧਾਨਾਂ ਦੀਆਂ ਸ਼ਰਤਾਂ ਦੇ ਅਨੁਸਾਰ, "ਸੁਰੱਖਿਅਤ ਲੇਣਦਾਰ ਦੁਆਰਾ ਸਾਰਵਜਨਿਕ ਨੀਲਾਮੀ, ਕੋਟੇਸ਼ਨ ਲੈਣ ਦੁਆਰਾ, ਪਬਲਿਕ ਜਾਂ ਪ੍ਰਾਇਵੇਟ ਟਰੀਟੀ ਦੁਆਰਾ ਗਿਰਵੀ ਰੱਖੀਆਂ ਗਈਆਂ ਸੰਪਤੀਆਂ ਦੀ ਵਿਕਰੀ ਲਈ ਸਿਰਫ਼ ਨੋਟਿਸ ਦੇ ਪ੍ਰਕਾਸ਼ਨ ਦੀ ਤਾਰੀਖ ਤੱਕ ਸਿਰਫ ਸਿਕਓਰਡ ਕ੍ਰੈਡਿਟਰ ਦੁਆਰਾ ਕੀਤੇ ਗਏ ਸਾਰੇ ਖਰਚ, ਚਾਰਜ ਅਤੇ ਪ੍ਰਭਾਰਾਂ ਦੇ ਨਾਲ ਸੰਪੂਰਨ ਬਕਾਈਆ ਭੁਗਤਾਨ ਯੋਗ ਰਾਸ਼ੀ ਅਦਾ ਕਰ ਸਕਦਾ ਹੈ, ਅੱਗੇ ਇਸ ਤੇ ਵੀ ਧਿਆਨ ਦਿੱਤਾ ਜਾਣਾ ਚਾਹਿਦਾ ਹੈ ਕਿ ਜੇਕਰ ਦਿੱਤੇ ਗਏ ਕਨੂੰਨੀ ਸਮੇਂ ਦੇ ਅੰਦਰ ਦੱਸੀ ਗਈ ਜਮਾਨਤੀ ਸੰਪਤੀ ਨੂੰ ਰਿਡੀਮ ਕਰਨ ਲਈ, ਕਰਜਦਾਰ ਨਾਕਾਮ ਰਹਿੰਦਾ ਹੈ ਤਾਂ ਕਰਜਦਾਰ ਸੰਪਤੀ ਨੂੰ ਰਿਡੀਮ ਕਰਨ ਦੇ ਯੋਗ ਨਹੀਂ ਹੋਏਗਾ।

ਸੁਰੱਖਿਅਤ ਲੇਣਦਾਰ ਦੀ ਲਿਖਿਤ ਸਹਿਮਤੀ ਦੀ ਪੂਰਵ ਸੂਚਨਾ ਦੇ ਬਿਨਾਂ ਸਰਫੇਸੀ ਅਧਿਨਿਯਮ ਦੀ ਧਾਰਾ 13 ਦੀ ਉਪ - ਧਾਰਾ (13) ਵਿੱਚ ਦਿੱਤੇ ਪ੍ਰਾਵਧਾਨਾਂ ਦੀਆਂ ਸ਼ਰਤਾਂ ਦੇ ਅਨੁਸਾਰ, ਤੁਹਾਨੂੰ ਇੱਥੇ ਆਪਣੀ ਸੰਪਤੀ ਨੂੰ ਵਿਕਰੀ, ਲੀਸ ਜਾਂ ਕਿਸੇ ਵੀ ਹੋਰ ਤਰ੍ਹਾਂ ਨਾਲ (ਉਸਦੇ ਬਿਜ਼ਨਿਸ ਦੇ ਸਾਧਾਰਣ ਤਰੀਕੇ ਵਿੱਚ ਕਿਸੇ ਹੋਰ ਤਰ੍ਹਾਂ ਨਾਲ) ਟ੍ਰਾਂਸਫ਼ਰ ਕਰਨ ਤੋਂ ਮਨਾ ਕੀਤਾ ਜਾ ਰਿਹਾ ਹੈ।

ਸਥਾਨ : ਪਟਿਆਲਾ

ਇੰਡਿਆਬੁੱਲਸ ਹਾਊਸਿੰਗ ਫ਼ਾਇਨੈਂਸ ਲਿਮਿਟੇਡ
ਅਧਿਕ੍ਰਿਤ ਅਧਿਕਾਰੀ

NOTICE INVITING BIDS
Punjab Waqf Board

The Punjab Waqf Board intends to lease out its following properties as per the Waqf properties Lease Rules, 2014 through bid to be held on 28.02.2024 at 9.00 A.M. at the premises of Branch Office of Punjab Waqf Board near Ramgaria Gurudwara, Khanna Distt. Ludhiana.

Sr No	Property Description: Location	Kh.No.s	Area	purpose	Period	Reserve Price
1	Main Chowk Machhiwara Tehsil Samrala Distt Ludhiana	247	517 Sq Yards	Commercial	35 months	Rs.2.08/- per Sq. Feet per Month
2	Chandigarh Road Samrala, District Luhdiana	55//5/1	68.33 Sq Yards	Commercial	35 Months	Rs.8.62 per Sq.ft. per month
3	Machhiwara Road Samrala,District Ludhiana	55//5/1	159.22 Sq Yards	Commercial	35 Months	Rs. 4.33 per Sq.ft. per month
4	Mohalla Dhodian Khanna, District Ludhiana	B-IX/272	49.66 Sq Yards	Commercial	35 Months	Rs 10.06/- per Sq Feet per Month
5	G.T. Road Khanna, District Ludhiana	Kh No 2627, MC No 248/506 B-X-66	16 Sq Yards	Commercial	35 Months	Rs 18.5 per Sq Feet per month

The Interested persons may reach in the office of Estate Officer, PWB Khanna on dated 28-2-2024 at 9.00 am and offer their bid. Remaining terms and conditions shall be briefed at the spot right to adjourn or cancel the Auction is with the Estate Officer.

Estate Officer
PWB Khanna

ਜਨਾ ਸਮਾਲ ਫਾਈਨਾਂਸ ਬੈਂਕ
(ਇਕ ਸ਼ਡਿਊਲਡ ਕਮਰਸ਼ੀਅਲ ਬੈਂਕ)

ਰਜਿਸਟਰਡ ਦਫ਼ਤਰ : ਦੀ ਫੇਅਰਵੇਅ, ਗਰਾਊਂਡ ਅਤੇ ਪਹਿਲੀ ਮੰਜ਼ਿਲ, ਸਰਵੇਅ ਨੰ. 10/1, 11/2 ਅਤੇ 12/2ਬੀ, ਆਫ਼ ਡੋਮਲੂਰ, ਕੋਰਮਾਨੰਗਲਾ ਇਨਰ ਰਿੰਗ ਰੋਡ, ਈਜੀਐਲ ਬਿਜਨਸ ਪਾਰਕ ਤੋਂ ਅੱਗੇ, ਚੱਲਾਘੱਟਾ, ਬੰਗਲੌਰ-560071,

ਖੇਤਰੀ ਬਰਾਂਚ ਦਫ਼ਤਰ : 16/12, ਦੂਜੀ ਮੰਜ਼ਿਲ, ਡਬਲਿਊ.ਈ.ਏ. ਆਰੀਆ ਸਮਾਜ ਰੋਡ, ਕਰੋਲ ਬਾਗ, ਦਿੱਲੀ-110005

ਈ-ਨਿਲਾਮੀ ਨੋਟਿਸ

ਸਕਿਓਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8(6) ਅਤੇ 9 ਦੀ ਧਾਰਾ ਨਾਲ ਪੜ੍ਹੇ ਜਾਂਦੇ ਦ ਸਕਿਓਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ਼ ਫਾਈਨੈਂਸ਼ੀਅਲ ਐਸਟਸ ਐਂਡ ਇਨਫੋਰਸਮੈਂਟ ਆਫ਼ ਸਕਿਓਰਿਟੀ ਇੰਟਰਸਟ ਐਕਟ (ਸਰਫਾਇਸੀ ਐਕਟ) 2002 ਅਧੀਨ ਈ ਨਿਲਾਮੀ ਰਾਹੀਂ ਵਿਕਰੀ ਲਈ ਜਨਤਕ ਸੂਚਨਾ

ਨਿਮਨਹਸਤਾਖਰੀ ਨੇ ਜਨਾ ਸਮਾਲ ਫਾਈਨਾਂਸ ਬੈਂਕ ਲਿਮਟਿਡ ਦੇ ਅਧਿਕਾਰਤ ਅਫ਼ਸਰ ਵਜੋਂ ਸਰਫਾਇਸੀ ਐਕਟ ਦੇ ਸੈਕਸ਼ਨ 13(4) ਅਧੀਨ ਮਿਲੀਆਂ ਸ਼ਕਤੀਆਂ ਦੀ ਵਰਤੋਂ ਕਰਦਿਆਂ ਹੇਠ ਦਰਸਾਈ ਜਾਇਦਾਦ ਦਾ ਕਬਜਾ ਲੈ ਲਿਆ ਹੈ। ਕਰਜ਼ਦਾ ਅਤੇ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਹੇਠ ਖਾਤੇ ਵਿਚ ਦਰਸਾਈ ਗਿਰਵੀ ਜਾਇਦਾਦ ਦੀ ਆਨਲਾਈਨ ਨਿਲਾਮੀ (ਈ ਆਕਸ਼ਨ) ਹੇਠ ਦਰਸਾਏ ਖਾਤੇ ਦਾ ਬੈਂਕ ਬਕਾਇਆ ਵਸੂਲਣ ਲਈ 'ਜਿਵੇਂ ਜਿੱਥੇ ਹੈ ਦੇ ਆਧਾਰ 'ਤੇ' ਅਤੇ 'ਜੋ ਵੀ ਉੱਥੇ ਹੈ ਦੇ ਆਧਾਰ 'ਤੇ' ਹੇਠ ਦਰਸਾਈ ਮਿਤੀ ਨੂੰ ਹੋਵੇਗੀ।

ਲੜੀ ਨੰ.	ਲੋਨ ਖਾਤਾ ਨੰਬਰ	ਅਸਲ ਕਰਜ਼ਦਾਰ/ਸਹਿ-ਕਰਜ਼ਦਾਰ/ਗਰੰਟਰ ਦਾ ਨਾਮ	13-2 ਨੋਟਿਸ ਦੀ ਮਿਤੀ	ਕਬਜੇ ਦੀ ਮਿਤੀ	25.02.2024 ਨੂੰ ਮੌਜੂਦਾ ਬਕਾਇਆ	ਜਾਇਦਾਦ ਦੀ ਪੜਤਾਲ ਦੀ ਮਿਤੀ ਅਤੇ ਸਮਾਂ	ਰਾਖਵੀਂ ਕੀਮਤ ਰੁ. 'ਚ	ਬਿਆਨਾ ਰਕਮ ਜਮ੍ਹਾਂ (ਈਐਮਡੀ) ਰੁ. 'ਚ	ਈ ਨਿਲਾਮੀ ਦੀ ਮਿਤੀ ਅਤੇ ਸਮਾਂ	ਬੋਲੀ ਜਮ੍ਹਾਂ ਕਰਨ ਲਈ ਆਖਰੀ ਮਿਤੀ ਸਮਾਂ ਅਤੇ ਸਥਾਨ
1	45859430000252, 45859430000328, 45859680000054, 45859680000067	1. ਸ਼੍ਰੀ ਨਾਨ ਬਾਬੂ ਤਿਵਾੜੀ ਪੁੱਤਰ ਸਹਿਜ ਰਾਮ (ਬਿਨੈਕਾਰ) 2. ਸ਼੍ਰੀਮਤੀ ਰੇਖਾ ਤਿਵਾੜੀ ਪਤਨੀ ਨਾਨ ਬਾਬੂ ਤਿਵਾੜੀ (ਸਹਿ ਬਿਨੈਕਾਰ)	06-09-2022	14-12-2023	ਰੁ; 9,14,607.34/- (ਨੌਂ ਲੱਖ ਚੌਦਾਂ ਹਜ਼ਾਰ ਛੇ ਸੌ ਸੱਤ ਰੁਪਏ ਅਤੇ ਚੌਂਤੀ ਪੈਸੇ ਸਿਰਫ਼)	12.03.2024 ਨੂੰ ਸਵੇਰੇ 09.00 ਵਜੇ ਤੋਂ ਸ਼ਾਮ 5.30 ਵਜੇ	ਰੁ. 7,81,000/- (ਸੱਤ ਲੱਖ ਇਕਿਆਸੀ ਹਜ਼ਾਰ ਰੁ. ਸਿਰਫ਼)	ਰੁ. 78,100/- (ਅਠੱਤਰ ਹਜ਼ਾਰ ਇਕ ਸੌ ਰੁ. ਸਿਰਫ਼)	30-03-2024 ਨੂੰ ਸਵੇਰੇ 11.00 ਵਜੇ	29.03.2024 ਨੂੰ ਸ਼ਾਮ 5.00 ਵਜੇ ਤੋਂ ਪਹਿਲਾਂ ਜਨਾ ਸਮਾਲ ਫਾਈਨਾਂਸ ਬੈਂਕ ਲਿਮਟਿਡ, ਬਰਾਂਚ ਦਫ਼ਤਰ ਦਾ ਪਤਾ : 16/12, ਦੂਜੀ ਮੰਜ਼ਿਲ, ਡਬਲਿਊ.ਈ.ਏ. ਆਰੀਆ ਸਮਾਜ ਰੋਡ, ਕਰੋਲ ਬਾਗ, ਦਿੱਲੀ-110005

ਸਕਿਓਰਡ ਜਾਇਦਾਦ ਦਾ ਵੇਰਵਾ : ਸਾਰੇ ਜ਼ਰੂਰੀ ਤੇ ਅਹਿਮ ਹਿੱਸੇ ਅਚੱਲ ਜਾਇਦਾਦ ਮਿਣਤੀ 64 ਵ. ਗਜ ਜਿਸਦਾ ਖਸਰਾ ਨੰ 56/1-80-1/71/85-1/70/85-1152/86/2-1154/87-1156/88-1152/86/1-1150/85-1153/86/2, 1155/87/2-1157/88/2-75/6-1153/86/11155/87/1-1156/88/1-77-78-79-56/2 ਖਾਤਾ ਨੰ 431/464, 434/463-435/469-436/470/437/471/438/472, ਸ਼੍ਰੀ ਨਾਨ ਬਾਬੂ ਤਿਵਾੜੀ, ਪਤਨੀ ਸਹਿਜ ਰਾਮ ਦੀ ਮਲਕੀਅਤ

ਜਾਇਦਾਦਾਂ 'ਜਿਵੇਂ ਜਿੱਥੇ ਹੈ ਦੇ ਆਧਾਰ 'ਤੇ' ਅਤੇ 'ਜੋ ਵੀ ਉੱਥੇ ਹੈ ਦੇ ਆਧਾਰ 'ਤੇ' ਅਤੇ 'ਆਨ ਲਾਈਨ' ਈ ਨਿਲਾਮੀ ਕਰਵਾ ਕੇ ਵੇਚੀਆਂ ਜਾਣਗੀਆਂ। ਨਿਲਾਮੀ ਬੈਂਕ ਤੋਂ ਮਨਜ਼ੂਰਸ਼ੁਦਾ ਸੇਵਾ ਪ੍ਰਦਾਤਾ ਮੈਸ. 4 ਕਲੋਜ਼ਰ ਰਾਹੀਂ ਵੈਬ ਪੋਰਟਲ https://bankauctions.in & www.foreclosureindia.com 'ਤੇ ਕਰਵਾਈ ਜਾਵੇਗੀ। ਹੋਰ ਜਾਣਕਾਰੀ ਅਤੇ ਵਿਸਥਾਰਤ ਵੇਰਵਿਆਂ, ਸਹਾਇਤਾ, ਪ੍ਰੋਸੀਜਰ ਅਤੇ ਈ ਨਿਲਾਮੀ 'ਤੇ ਆਨਲਾਈਨ ਸਿਖਲਾਈ ਲਈ ਸੰਭਾਵੀ ਬੋਲੀਕਾਰ ਮੈਸ. 4 ਕਲੋਜ਼ਰ, ਸੰਪਰਕ ਸ਼੍ਰੀ ਭਾਸਕਰ ਨਾਇਡੂ, ਸੰਪਰਕ ਨੰਬਰ : 8142000809/8142000061 'ਤੇ , ਈ ਮੇਲ ਆਈਡੀ info@bankauctions.in/subbarao@bankauctions.in 'ਤੇ ਸੰਪਰਕ ਕਰਨ।

ਈ-ਨਿਲਾਮੀ ਪ੍ਰਕਿਰਿਆਵਾਂ ਵਿਚ ਹਿੱਸਾ ਲੈਣ ਲਈ ਹੋਰ ਵੇਰਵੇ ਅਤੇ ਨਿਯਮ ਅਤੇ ਸ਼ਰਤਾਂ ਲਈ ਅਤੇ ਜਾਇਦਾਦ ਸਬੰਧੀ ਕਿਸੇ ਇਨਕੁਆਰੀ ਲਈ ਕਿਪਾ ਕਰਕੇ ਜਨਾ ਸਮਾਲ ਫਾਈਨਾਂਸ ਬੈਂਕ, ਅਫ਼ਸਰ ਸ਼੍ਰੀ ਰਾਕੇਸ਼ ਸ਼ਰਮਾ (ਮੋ. ਨੰ. 7230070463), ਸ਼੍ਰੀ ਸ਼ਸ਼ੀ ਕੁਮਾਰ (8700277112) ਅਤੇ ਰੰਜਨ ਨਾਇਕ (9590858249) ਨਾਲ ਸੰਪਰਕ ਕਰਨ। ਅਧਿਕਾਰਤ ਅਫ਼ਸਰ ਦੀ ਜਾਣਕਾਰੀ ਅਨੁਸਾਰ ਜਾਇਦਾਦਾਂ ਸਬੰਧੀ ਕੋਈ ਇੰਜਟ ਨਹੀਂ ਹੈ। ਇਸ ਲਈ ਇਛੁਕ ਬੋਲੀਕਾਰ ਇੰਜਟ, ਜਾਇਦਾਦ ਦੇ ਵਿਸ਼ੇ ਬਾਰੇ ਆਪਣੀ ਬੋਲੀ ਜਮ੍ਹਾਂ ਕਰਨ ਤੋਂ ਪਹਿਲਾਂ ਆਪਣੇ ਪੱਧਰ 'ਤੇ ਜਾਂਚ ਕਰ ਸਕਦੇ ਹਨ। ਸ਼ਰਤਾਂ ਵਾਲੀ ਬੋਲੀ ਸਵੀਕਾਰ ਨਹੀਂ ਕੀਤੀ ਜਾਵੇਗੀ। ਇਹ ਨੋਟਿਸ ਉਪਰ ਦਰਸਾਏ ਕਰਜ਼ਦਾਰਾਂ/ਗਰੰਟਰਾਂ/ਗਿਰਵੀਕਾਰਾਂ ਨੂੰ ਗਿਰਵੀ ਜਾਇਦਾਦਾਂ ਦੇ ਈ ਨਿਲਾਮੀ ਸ਼ਡਿਊਲ ਬਾਰੇ ਵੀ ਹੈ। ਕਰਜ਼ਦਾਰ/ਗਰੰਟਰ/ਗਿਰਵੀਕਾਰ ਨੂੰ ਨਿਲਾਮੀ ਦੀ ਮਿਤੀ ਤੋਂ ਪਹਿਲਾਂ ਉਪਰ ਦਰਸਾਈ ਰਕਮ ਸਮੇਤ ਮਿਤੀ ਤੱਕ ਵਿਆਜ ਅਤੇ ਫੁਟਕਲ ਖਰਚੇ ਅਦਾ ਕਰਨ ਲਈ ਕਿਹਾ ਜਾਂਦਾ ਹੈ ਅਸਫਲ ਰਹਿਣ 'ਤੇ ਜਾਇਦਾਦ ਵੇਚੀ ਜਾਵੇਗੀ ਅਤੇ ਬਾਕੀ ਬਕਾਇਆ ਜੇ ਕੋਈ ਹੋਵੇਗੀ ਸਮੇਤ ਵਿਆਜ ਅਤੇ ਲਾਗਤਾਂ ਵਸੂਲਿਆ ਜਾਵੇਗਾ।

ਮਿਤੀ : 27.02.2024, ਸਥਾਨ : ਲੁਧਿਆਣਾ — ਸਹੀ/- ਅਧਿਕਾਰਤ ਅਫ਼ਸਰ, ਜਨਾ ਸਮਾਲ ਫਾਈਨਾਂਸ ਬੈਂਕ ਲਿਮਟਿਡ ਲਈ